# sbd Bwg 1

ਸਾਡੇ ਹਿਰਦੇ ਵਿਚ ਪਹਿਲਾਂ **ਵਲਵਲਾ** ਉਪਜਦਾ ਹੈ । **ਬੁੱਧੀ ਇਸ** ਦੀ ਛਾਣਬੀਣ ਕਰਕੇ '**ਖਿਆਲ**' ਦਾ **ਰੂਪ ਦਿੰਦੀ ਹੈ** । ਫੇਰ ਜਦੋਂ ਅਸੀਂ ਇਸ ਖਿਆਲ ਨੂੰ ਪ੍ਰਗਟ ਕਰਨਾ ਚਾਹੁੰਦੇ ਹਾਂ, ਤਾਂ ਇਸ ਨੂੰ ਆਪਣੀ **ਬੋਲੀ** ਅਤੇ **ਅੱਖਰਾਂ** ਦੁਆਰਾ, ਰਸਨਾ ਨਾਲ ਬੋਲ ਕੇ ਜਾਂ ਲਿਖ ਕੇ ਪ੍ਰਗਟ ਕਰਦੇ ਹਾਂ । ਇਸ ਦਾ ਮਤਲਬ, ਇਹ ਹੋਇਆ, ਕਿ ਸਾਡੇ **ਵਲਵਲੇ ਜਾਂ ਖਿਆਲ ਹੀ ਅਸਲੀ ਵਸਤੂ ਹਨ** । ਸਾਡੀ ਬੋਲੀ ਅਥਵਾ 'ਸਬਦ' ਅਤੇ 'ਅੱਖਰ' ਇਨ੍ਹਾਂ **ਖਿਆਲਾਂ ਦੇ ਪ੍ਰਗਟਾਉਣ ਦੇ ਸਾਧਨ-ਰੂਪ ਹਨ** । ਇਹ ਸਾਰੀ ਕ੍ਰਿਆ **ਸਰਗੁਣ ਦੁਨੀਆਂ ਦਾ ਕਰਤਵ ਹੈ** ਅਥਵਾ **ਤ੍ਰੈ-ਗੁਣਾਂ ਦੀ 'ਖੇਲ' ਹੈ** ।

ਇਸ ਤੋਂ ਉਪਰ **ਆਤਮਿਕ ਦੁਨੀਆਂ ਦੀ 'ਖੇਲ' ਹੋਰਵੇਂ ਹੈ** ।

ਪ੍ਰਮਾਤਮਾ ਦਾ ਸਰੂਪ **'ਆਤਮ-ਪ੍ਰਕਾਸ਼'** ਹੈ, ਜੋ **'ਸਬਦ'** ਯਾ **'ਨਾਮ'** ਦੁਆਰਾ **ਪ੍ਰਕਾਸ਼ਤ ਅਤੇ ਪ੍ਰਵਿਰਤ ਹੁੰਦਾ ਹੈ** ।

ਮਾਇਆ ਦੇ ਘੋਰ ਅੰਧਕਾਰ ਵਿਚ, ਜਦ ਕਦੇ ਸਾਡੇ ਉਨਮਨ ਉਤੇ ਇਸ ਆਤਮਿਕ ਪ੍ਰਕਾਸ਼ ਦੀ **ਲਿਸ਼ਕ ਪੈਂਦੀ ਹੈ**-ਤਾਂ ਇਸ ਨੂੰ **ਅਨੁਭਵ ਕਿਹਾ ਜਾਂਦਾ ਹੈ** ।

ਗੁਰਬਾਣੀ ਅਨੁਸਾਰ, **'ਆਤਮਿਕ-ਪ੍ਰਕਾਸ਼' ਦੇ ਝਲਕਾਰਿਆਂ ਨੂੰ 'ਅਨੁਭਵ' ਕਰਨਾ ਹੀ 'ਸਬਦ' ਦਾ—**

ਬੁੱਝਣਾ
ਸੀਝਣਾ
ਚੀਨਣਾ
ਪਹਿਚਾਨਣਾ
ਵਿਚਾਰਨਾ
ਕਮਾਉਣਾ

**ਆਖਿਆ ਗਿਆ ਹੈ, ਨਾ ਕਿ ਬੁੱਧੀ ਨਾਲ ਸਮਝਣਾ ॥**

**ਚੀਨਤ ਚੀਤੁ ਨਿਰੰਜਨ ਲਾਇਆ ॥**
**ਕਹੁ ਕਬੀਰ ਤੌ ਅਨਭਉ ਪਾਇਆ ॥** (ਪੰਨਾ-328)



# SHABAD Part 1

At first a strong feeling originates in our mind. The intellect scrutinizes and gives it the form of a 'thought'. Then when we wish to express this thought, we express it either through speech or writing. This means that our strong feelings or thoughts are indeed the real substance. Our language and 'words' and 'alphabet' are means of expressing these thoughts. All this performance or activity is the creation of the immanent Lord's world and is the 'play' of trigun (the three attributes – rajo, sato, tamo.

Above this, the 'play' of the spiritual world is different.

The Supreme Lord's form is 'Spiritual-Light' which is illuminated and activated through 'shabad' or 'Naam'.

When, in the pitch of darkness of materialism, the shine or reflection of this spiritual light falls on our spiritually intoxicated mind, then this is said to be 'anbhau' or spiritual perception, sensation or insight.

According to Gurbani, experiencing the glitters of 'spiritual-illumination' is indeed said to be

discovery
research
discernment
recognition
deliberation
earning or cultivation

of the 'Shabad', and not the understanding of it with the intellect.

*Through conscious meditation, I linked my consciousness with the Immaculate Lord.*
*Says Kabeer, then I obtained the Fearless Lord.* 328

ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮਨਾਮਿ ਲਿਵ ਲਾਗੀ ॥ (ਪੰਨਾ-333)

ਜੀਵਤ ਪਾਵਹੁ ਮੋਖ ਦੁਆਰ ॥
**ਅਨਭਉ ਸਬਦੁ ਤਤੁ ਨਿਜੁ ਸਾਰ ॥** (ਪੰਨਾ-343)

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
**ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥** (ਪੰਨਾ-973)

ਬਾਹਰ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਬਾ ॥
ਅਨਭਉ ਅਚਰਜ ਰੂਪ ਪ੍ਰਭ ਪੇਖਿਆ
ਮੇਰਾ ਮਨੁ ਛੋਡਿ ਨ ਕਤਹੂ ਜਾਇਆਬਾ ॥ (ਪੰਨਾ-1002)

ਗੁਰ ਉਪਦੇਸੁ ਅਵੇਸੁ ਕਰਿ ਅਨਭਉ ਪਦ ਪਾਈ । (ਵਾ.ਭਾ.ਗੁ. 9/5)

ਸਬਦ ਸੁਰਤਿ ਲਿਵਲੀਣ ਹੋਇ ਅਨਭਉ ਅਘੜ ਘੜਾਏ ਗਹਣਾ । (ਵਾ.ਭਾ.ਗੁ. 18/22)

**ਗੁਰਬਾਣੀ ਆਤਮ-ਪ੍ਰਕਾਸ਼ ਦੇ 'ਅਨੁਭਵ' ਵਿਚੋਂ ਉਚਰੀ ਗਈ ਹੈ।** ਇਸ ਲਈ ਸਾਡੀ **ਸੀਮਤ ਬੁੱਧੀ ਦੀ ਛਾਣਬੀਣ, ਸਮਝ ਅਤੇ ਪਕੜ ਤੋਂ ਪਰੇ ਹੈ।** ਏਸੇ ਕਾਰਨ ਅਸੀਂ ਗੁਰਬਾਣੀ ਦੇ ਡੂੰਘੇ, ਗੁੱਝੇ ਅਧਿਆਤਮਿਕ ਅਰਥਾਂ, ਭੇਦਾਂ ਅਤੇ ਭਾਵਾਂ ਤੋਂ ਅਨਜਾਣ ਹਾਂ, ਅਤੇ ਗੁਰਬਾਣੀ ਦੀਆਂ **ਡੂੰਘਿਆਈਆਂ ਦੇ ਗੁੱਝੇ ਭਾਵਾਂ ਤੇ ਭੇਦਾਂ ਦਾ ਰਸ ਮਾਣਨ ਤੋਂ ਅਸਮਰਥ ਹਾਂ।** ਅਸੀਂ ਆਪੋ-ਆਪਣੀ ਬੁੱਧੀ ਦੁਆਰਾ ਗੁਰਬਾਣੀ ਦੇ ਅੱਖਰੀ ਅਤੇ ਭਾਵਾਰਥ ਵੀਚਾਰ ਕੇ ਹੀ **ਸੰਤੁਸ਼ਟ ਹੋਏ ਰਹਿੰਦੇ ਹਾਂ।**

ਗੁਰਬਾਣੀ ਵਿਚ **'ਸਬਦੁ'** ਅਤੇ **'ਨਾਮੁ'** ਅੱਖਰਾਂ ਦਾ ਜ਼ਿਕਰ ਬੇਅੰਤ ਵਾਰੀ ਆਇਆ ਹੈ, ਤੇ ਹੋਰਨਾਂ ਅੱਖਰਾਂ ਦੀ ਤਰ੍ਹਾਂ, **'ਸਬਦੁ'** ਅਖਰ ਦਾ ਭੀ ਅਸੀਂ **ਅਲਪ ਬੁੱਧੀ** ਨਾਲ ਹੀ ਅਰਥ ਕਰਦੇ ਅਤੇ ਸੁਣਦੇ ਹਾਂ। ਜਿਸ ਕਾਰਨ ਜਗਿਆਸੂਆਂ ਵਿਚ **'ਸਬਦ'** ਅੱਖਰ ਬਾਬਤ **ਭਰਮ-ਭੁਲੇਖੇ ਪਏ ਹੋਏ ਹਨ।** ਗੁਰਬਾਣੀ ਵਿਚ ਇਸ ਦੀ ਇਉਂ **ਪ੍ਰੋੜਤਾ** ਕੀਤੀ ਗਈ ਹੈ—

ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ **ਸਮਾਨੁ** ॥ (ਪੰਨਾ-39)

ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥ (ਪੰਨਾ-113)

ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥
ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥ (ਪੰਨਾ-120)

**ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥**
**ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥** (ਪੰਨਾ-128)



1 *The disturbed mind has been absorbed in the Lord; duality and evil-mindedness have run away.*
*Says Kabeer, I have seen the One Lord, the Fearless One; I am attuned to the Name of the Lord.* 333

2 *You shall attain the Gate of Liberation while yet alive.*
*You shall come to know the Shabad, the Word of the Fearless Lord, and the essence of your own inner being.* 343

3 *They read and reflect upon all the Names of God; they listen, but they do not see the Lord, the embodiment of love and intuition.*
*How can iron be transformed into gold, unless it touches the Philosopher's Stone?* 973

4 *I have quit searching outside; the Guru has shown me that God is within the home of my own heart.*
*I have seen God, fearless, of wondrous beauty; my mind shall never leave Him to go anywhere else.* 1002

5 *Inspired by the teachings of the Guru, gurmukh attains the state of spiritual perception* BG 9/5

6 *Merging consciousness in the Word, the treasure of spiritual insight will fashion the unfashioned (mind).* BG18/22

Gurbani has been recited from the 'intuition' of spiritual illumination. For this reason it is beyond the scrutiny, understanding and grasp of our limited intellect. That is why we are ignorant of the deep, hidden spiritual meanings, secrets and implications of Gurbani and are incapable of enjoying the taste of the hidden underlying meanings and secrets of the depths of Gurbani. We remain satisfied having deliberated on the literal and the idiomatic meanings of Gurbani according to our own intellect.

The words 'Shabad' and 'Naam' have been mentioned in Gurbani innumerable times and just like other words, we explain and listen to the meaning of 'Shabad' with our intellect as a result of which there are doubt fallacies in the minds of the truth seekers about the world 'Shabad'. Gurbani has confirmed this thus:-

7 *They do not contemplate the Shabad; engrossed in corruption, they utter only empty words.* 39

8 *When someone understands the Shabad, then he wrestles with his own mind; subduing his desires, he merges with the Lord.* 113

9 *Those who understand the Word of the Guru's Shabad are very rare.*
*Those who subdue their egotism, come to know the three worlds.* 120

10 *They read about the three qualities, but they do not know the essential reality of the Lord.*
*They forget the Primal Lord, the Source of all, and they do not recognize the Word of the Guru's Shabad.* 128

ਮਾਇਆ ਧਾਰੀ ਅਤਿ ਅੰਨਾ ਬੋਲਾ ॥
**ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥** (ਪੰਨਾ-313)

**ਉਪਦੇਸੁ ਕਰੇ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥** (ਪੰਨਾ-380)

ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥ (ਪੰਨਾ-434)

ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥ (ਪੰਨਾ-601)

ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥ (ਪੰਨਾ-938)

ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥ (ਪੰਨਾ-1126)

ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸਬਦੁ ਸਿਞਾਪੈ ॥ (ਪੰਨਾ-1275)

ਗੁਰਬਾਣੀ ਦੀ '**ਅਨੁਭਵੀ ਰੋਸ਼ਨੀ**' ਵਿਚ '**ਸਬਦੁ**' ਅੱਖਰ ਦੀ ਵਿਚਾਰ ਕਰਨ ਦਾ ਇਸ ਲੇਖ ਵਿਚ ਉਦਮ ਕੀਤਾ ਜਾਂਦਾ ਹੈ—

ਗੁਰਬਾਣੀ ਵਿਚ '**ਸਬਦੁ**' ਅੱਖਰ ਦੇ ਨਾਲ ਕਈ **ਵਿਸ਼ੇਸ਼ਣ** ਲਾਏ ਗਏ ਹਨ, ਜਿਹਾ ਕਿ—

**ਗੁਰ ਸਬਦੁ**
**ਸਚ ਸਬਦੁ**
**ਅਨਹਦ ਸਬਦੁ**
**ਏਕ ਸਬਦੁ**
**ਤਤ ਸਬਦੁ**
**ਪੂਰਾ ਸਬਦੁ**
**ਖੇਵਟ ਸਬਦੁ**
**ਨਿਰਭਉ ਸਬਦੁ**
**ਸਾਹਿਬ ਸਬਦੁ**
**ਅਲੱਖ ਸਬਦੁ**
**ਕਰਾਰਾ ਸਬਦੁ**
**ਲੰਗਰ ਸਬਦੁ**
**ਰਤਨ ਸਬਦੁ**
**ਭਤਾਰ ਸਬਦੁ**
**ਸੀਤਲ ਸਬਦੁ**
**ਅਪਾਰ ਸਬਦੁ**
**ਦਾਤਾ ਸਬਦ**



1 *One who is attached to Maya is totally blind and deaf. He does not listen to the Word of the Shabad; he makes a great uproar and tumult.* 313

2 *He teaches, but does not practice what he preaches; he does not realize the essential reality of the Word of the Shabad.* 380

3 *You have not remembered the One Word of the Shabad, and so you shall have to enter the womb over and over again.* 434

4 *Those who do not know the Shabad are blind and deaf; why did they even bother to come into the world?* 601

5 *The fool does not think of the Word of the Shabad. He has no understanding, no comprehension.* 938

6 *As long as the mortal does not come to understand the mystery of the Shabad, the Word of God, he shall continue to be tormented by death.* 1126

7 *The mortal tries all sorts of things, and weeps and wails, but without the Guru, he does not know the Naam, the Name of the Lord.* 1275

In this article (lekh) effort is being made to discuss the word 'Shabad' in the 'intuitional light of Gurbani:-

Many adjectives have been used in Gurbani with the word 'Shabad' such as –

gur shabad
true shabad
unstruck shabad
one shabad
essence shabad
perfect shabad
boatman shabad
fearless shabad
Lord Shabad
invisible shabad
strong shabad
good shabad
jewel shabad
sustainer shabad
cool shabad
limitless shabad
provider shabad

ਬੋਹਿਥ ਸਬਦੁ
ਨੀਸਾਣ ਸਬਦੁ
ਅੰਕਸ ਸਬਦੁ
ਅਬਿਨਾਸੀ ਸਬਦੁ
ਮੀਠਾ ਸਬਦੁ
ਮਹਾਂਰਸ ਸਬਦੁ
ਅਉਖਧ ਸਬਦੁ ਆਦਿ ।

**'ਸਬਦੁ'** ਅੱਖਰ ਅਤੇ ਓਹਨਾਂ ਦੇ **ਵਿਸ਼ੇਸ਼ਣਾਂ** ਦੇ ਅਨੁਭਵੀ ਭਾਵ ਅਰਥਾਂ **ਨੂੰ** —

ਸੁਣਨ
ਵਿਚਾਰਨ
ਪਛਾਣਨ
ਬੁੱਝਣ
ਸੋਝਣ
ਕਮਾਉਣ
ਮਾਣਨ

ਲਈ **'ਅਨੁਭਵੀ ਸੋਝੀ' ਦੀ ਲੋੜ ਹੈ ।**

ਪਰ ਆਮ ਤੌਰ ਤੇ, ਅਸੀਂ ਉਸ **'ਤਤ ਸਬਦ' ਦੇ ਅੱਖਰੀ ਸਰੂਪ ਨੂੰ ਹੀ** ਆਪਣੀ ਅਲਪੱਗ ਬੁੱਧੀ ਨਾਲ—

ਸੁਨਣਾ
ਸਮਝਣਾ
ਅਰਥਾਉਣਾ
ਵਿਚਾਰਨਾ

**ਸਮਝੀ ਬੈਠੇ ਹਾਂ ।**

ਪਰ ਅਸਲ ਵਿਚ **'ਤਤ ਸਬਦੁ ਦਾ ਕੋਈ ਗੁੱਝਾ ਭੇਦ ਹੈ,** ਜਿਸ ਨੂੰ ਕੇਵਲ **'ਅਨੁਭਵ' ਦੁਆਰਾ ਹੀ—**

ਜਾਣਿਆ
ਬੁੱਝਿਆ
ਚੀਨਿਆ



ship shabad
manifest shabad
prodding shabad
eternal shabad
sweet shabad
great essence shabad
curative shabad etc.

To
hear
deliberate
recognize
discover
discern
cultivate
enjoy

the intuitional meanings of the word 'Shabad' and the adjectives used, it is necessary to have 'anbhau' or intuitional awareness.

But generally our understanding is (limited) to

hearing
comprehending
explaining
discussing

the literal meaning of the 'essence shabad' with our limited intellect.

But in reality there is the hidden meaning of the 'essence shabad' which can be

known
discovered
unraveled

ਸੋਝਿਆ

ਪਹਿਚਾਨਿਆ

ਵਿਚਾਰਿਆ

ਕਮਾਇਆ

ਭੁੰਚਿਆ

ਧਿਆਇਆ

ਮਾਣਿਆ

ਜਾ ਸਕਦਾ ਹੈ ।

ਜਦ ਤਕ ਸਾਡੇ ਅੰਤ੍ਰ-ਆਤਮੇ ਅਨੁਭਵ-ਪ੍ਰਕਾਸ਼ ਨਹੀਂ ਹੁੰਦਾ, ਤਦ ਤਕ ਅਸੀਂ ਸਰਗੁਣ ਦੁਨੀਆਂ ਵਿਚ ਵਿਚਰਦੇ ਹੋਏ **'ਗੁਰ ਸਬਦ'** ਦੇ ਅੱਖਰੀ-ਸਰੂਪ ਗੁਰਬਾਣੀ ਦੇ ਲੜ ਲਗਣਾ ਹੈ । ਗੁਰਬਾਣੀ ਦਾ ਪਾਠ, ਕੀਰਤਨ, ਵਿਚਾਰ ਅਤੇ ਅਰਥ ਸਮਝਣ ਤੇ ਸਮਝਾਉਣ ਦੀ ਕੇਵਲ ਲੋੜ ਹੀ ਨਹੀਂ, ਸਗੋਂ ਇਹ **ਅਧਿਆਤਮਿਕ ਪੰਧ ਲਈ ਲਾਜ਼ਮੀ ਹੈ ।**

ਸਤਿਸੰਗ ਅਤੇ ਸਿਮਰਨ ਹੀ ਅਨੁਭਵੀ ਦੇਸ਼ ਜਾਂ ਆਤਮਿਕ ਮੰਡਲ ਵੱਲ ਲੈ ਜਾਣ ਦਾ ਸਾਧਨ ਹੈ ।

ਸਾਡੇ ਲਈ ਇਨ੍ਹਾਂ ਦੋਹਾਂ 'ਮਾਨਸਿਕ' ਅਤੇ 'ਆਤਮਿਕ' ਮੰਡਲਾਂ ਦੀ ਕ੍ਰਿਆ ਦਾ ਸਹੀ ਗਿਆਨ ਹੋਣਾ ਜਰੂਰੀ ਹੈ । ਇਸ **'ਗਿਆਨ'** ਅਨੁਸਾਰ ਹੀ ਅਸੀਂ ਆਪਣਾ **'ਆਤਮਿਕ ਜੀਵਨ' ਢਾਲਣਾ ਹੈ ।**

ਸਿਖ ਜਗਤ ਵਿਚ ਬਹੁਤ ਸਾਰੇ ਲੋਕ ਮਾਨਸਿਕ ਅਤੇ ਸਰੀਰਕ ਘਾਲਣਾ ਨੂੰ ਹੀ ਧਾਰਮਿਕ 'ਮੰਜ਼ਿਲ' ਸਮਝ ਕੇ ਸੰਤੁਸ਼ਟ ਹਨ ।

ਅਸਲ ਵਿਚ ਸਰੀਰਕ ਅਤੇ ਮਾਨਸਿਕ ਘਾਲਣਾ—

| | | |
|---|---|---|
| ਯਤਨ ਹਨ | — | ਨਤੀਜਾ ਨਹੀਂ ! |
| ਸਾਧਨ ਹਨ | — | ਪੂਰਨਤਾ ਨਹੀਂ ! |
| ਪੌੜੀਆਂ ਹਨ | — | ਸਿਖਰ ਨਹੀਂ ! |
| ਕਲਾਸਾਂ ਹਨ | — | ਡਿਗਰੀ ਨਹੀਂ ! |
| ਗਿਆਨ ਹੈ | — | ਪ੍ਰਾਪਤੀ ਨਹੀਂ ! |
| ਯਾਤਰਾ ਹੈ | — | ਮੰਜ਼ਿਲ ਨਹੀਂ ! |
| ਫੁੱਲ ਹੈ | — | ਮਹਿਕ ਨਹੀਂ ! |
| ਫਲ ਹੈ | — | ਰਸ ਨਹੀਂ ! |



researched

recognised

deliberated

cultivated

assimilated

meditated

enjoyed

only through 'anbhau' (or intuition).

Until the intuitional illumination takes place in our innermost consciousness, we, while passing through this world, have to follow the literal form of Gurbani's 'Gur-Shabad'. It is not only necessary to understand and to make others understand the meaning of Gurbani's recitation, kirtan and discussions, but it is a must for the spiritual path.

Satsangat (the company of spiritually elevated souls) and simran (or meditation) are the means which take us to the intuitional country or spiritual realm.

It is important for us to have the correct knowledge of the activities of these two 'mental' and 'spiritual' realms. Only then can we mould our 'spiritual lives' according to this knowledge.

Many people in the Sikh world are content to understand that mental and physical efforts are indeed the religious 'destination'.

In actual fact physical and mental and physical efforts ;-

| | | |
|---|---|---|
| are endeavours | - | not the result! |
| are means | - | not fulfillment! |
| are ladders | - | not the peak! |
| are classes | - | not the degree! |
| is knowledge | - | not achievement! |
| is the journey | - | not the destination! |
| is the flower | - | not he fragrance! |
| is the fruit | - | not he taste! |

ਸਾਡੀ '**ਮੰਜ਼ਿਲ**' 'ਅਨੁਭਵੀ-ਪ੍ਰਕਾਸ਼ ਦੁਆਰਾ ਧੁਰ 'ਇਲਾਹੀ-ਮੰਡਲ' ਵਿਚ ਪਹੁੰਚ ਕੇ **ਹਰੀ ਵਿਚ ਸਮਾਉਣਾ ਹੈ ।**

ਗੁਰਬਾਣੀ ਵਿਚ '**ਸਬਦੁ**' ਦੇ ਅਨੇਕਾਂ ਪੱਖ ਦਰਸਾਏ ਗਏ ਹਨ, ਜਿਹਾ ਕਿ

'ਸਬਦ'—

ਗੁਰੂ ਹੈ
ਪ੍ਰਕਾਸ਼ ਹੈ
ਰਵਿ-ਰਹਿਆ ਭਰਪੂਰ ਹੈ
ਨਿਰਮਲ ਹੈ
ਨਾਮ ਹੈ
ਅੰਮ੍ਰਿਤ ਹੈ
ਆਤਮ ਰਸ ਹੈ
ਆਤਮ ਰੰਗ ਹੈ
ਧੁਰ ਕੀ ਬਾਣੀ ਹੈ
ਜੋਤਿ ਹੈ
ਤੱਤ ਹੈ
ਪੂਰਾ ਹੈ
ਨਿਰਭਉ ਹੈ
ਅਬਿਨਾਸੀ ਹੈ
ਨਿਰਮਲ ਨਾਦ ਹੈ
ਦਾਤਾ ਹੈ
ਸਚੀ ਗੁਰਮਤਿ ਹੈ
ਪ੍ਰੇਮ ਪਦਾਰਥ ਹੈ
ਕਰਾਰਾ ਹੈ

ਹੀਰਾ ਰਤਨ ਹੈ
ਲੰਗਰ ਹੈ
ਨੀਸਾਣ ਹੈ
ਆਤਮਾ ਹੈ
ਖੇਵਟ ਹੈ
ਬੋਹਿਥ ਹੈ
ਬਖਸ਼ਿਸ਼ ਹੈ



Our 'destination' is to reach is to reach the original 'Divine Realm' through intuitional-illumination and to be absorbed in the Lord Waheguru.

Various aspects of 'Shabad' have been mentioned in Gurbani, such as 'Shabad'–

is Guru
is illumination
is wholly permeating
is pure
is Naam
is spiritual taste
is spiritual colour
bani (scripture) from the Lord Himself
is light
is essence
is perfect
is fearless
is eternal
is pure mystic sound
is provider
is true Guru's teaching
is substance of love
is flavorfull

is precious jewel
is food
is the seal
is the soul
is the boatman
is the ship
is blessing

L58/6

ਸਦਾ ਨਿਭਦਾ ਹੈ
ਅੰਤਰ ਧਿਆਨ ਹੈ
ਅਖੁੱਟ ਧਨ ਹੈ
ਭਗਤੀ ਭੰਡਾਰ ਹੈ
ਚਰਨ ਕਮਲ ਹੈ ।

ਸ੍ਰਿਸ਼ਟੀ ਰਚਣ ਤੋਂ ਪਹਿਲਾਂ **'ਨਿਰੰਕਾਰ'** ਜੁਗਾਂ-ਜੁਗਾਂਤਰਾਂ ਤੋਂ ਕੇਵਲ ਅਪਣੇ ਆਪ ਬਿਸਮਾਦੀ' ਸੁੰਨ-ਸਮਾਧਿ ਸਰੂਪ ਵਿਚਲੀਨ ਰਿਹਾ । ਦ੍ਰਿਸ਼ਟ ਅਤੇ ਅਦ੍ਰਿਸ਼ਟ ਸੰਸਾਰ ਕੁਝ ਵੀ ਨਹੀਂ ਸੀ । 'ਨਿਰੰਕਾਰ' ਦੀ ਇਸ ਅਸਚਰਜ ਅਤੇ ਅਦਭੁਤ ਸਰੂਪ ਨੂੰ ਗੁਰਬਾਣੀ ਵਿਚ ਇਉਂ ਬਿਆਨਿਆ ਗਿਆ ਹੈ—

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥ (ਪੰਨਾ-940)

ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥ (ਪੰਨਾ-1035)

ਕੇਤੜਿਆ ਦਿਨ ਗੁਪਤੁ ਕਹਾਇਆ ॥
ਕੇਤੜਿਆ ਦਿਨ ਸੁੰਨਿ ਸਮਾਇਆ ॥
ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥ (ਪੰਨਾ-1081)

ਮਨ, ਚਿਤ, ਬੁੱਧੀ, ਅੱਖਰ, ਰੂਪ-ਰੰਗ, ਰੇਖ-ਭੇਖ ਅਤੇ ਆਹਤ-ਨਾਦ ਤੋਂ ਪਰੇ 'ਤਤ-ਰੂਪ ਸਬਦੁ,' ਪਹਿਲਾਂ ਸਿਰਜਨਹਾਰ ਨਿਰੰਕਾਰ ਦੀ ਸੁੰਨ-ਸਮਾਧਿ' ਦੀ ਅਵਸਥਾ ਵਿਚ ਵਸਦਾ ਸੀ ।

ਰੂਪੁ ਨ ਰੇਖਿਆ ਜਾਤਿ ਨ ਹੋਤੀ
ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ (ਪੰਨਾ-945)

'ਸਿਧ ਗੋਸਟਿ' ਵਿਚ ਗੁਰੂ ਨਾਨਕ ਸਾਹਿਬ ਦੇ **'ਸਬਦੁ-ਗੁਰੂ ਮਤਿ'** ਪਰਥਾਇ ਸਿਧਾਂ ਨੇ ਅਨੇਕਾਂ ਪ੍ਰਸ਼ਨ ਕੀਤੇ, ਜਿਸ ਦਾ ਕੇਵਲ ਸੰਖੇਪ ਵਰਣਨ ਏਥੇ ਕੀਤਾ ਜਾਂਦਾ ਹੈ—

1. ਇਸ 'ਮਤਿ' ਦਾ ਮੁੱਢ ਕੀ ਹੈ ?
2. ਇਹ 'ਮਤਿ' ਕਦੋਂ ਚਲਿਆ ?
3. ਤੁਹਾਡਾ 'ਗੁਰੂ' ਕੌਣ ਹੈ ?
4. ਚੇਲੇ ਕਿਸ ਤਰ੍ਹਾਂ ਬਣੀਦਾ ਹੈ ?

**ਕਵਣ ਮੂਲੁ ਕਵਣ ਮਤਿ ਵੇਲਾ ॥**
**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥** (ਪੰਨਾ-942)



always accomplishes
is the focusing within
is inexhaustible wealth
is the treasure of devotion
is (holy) lotus-feet

Before creating the universe, the 'Formless One' (Waheguru) for ages remained absorbed in himself in perfect ecstatic mental tranquility. The visible and invisible world was in existence. This wonderful and unique form of 'Nirangkaar' is described in Gurbani thus:-

1 *We can only express a sense of wonder about the beginning. The absolute abided endlessly deep within Himself then.* 940

2 *For endless eons, there was only utter darkness.*
*There was no earth or sky; there was only the infinite Command of His Hukam.*
*There was no day or night, no moon or sun; God sat in primal, profound Samaadhi.* 1035

3 *For so many days, You remained invisible.*
*For so many days, You were absorbed in silent absorption.*
*For so many days, there was only pitch darkness, and then the Creator revealed Himself.* 1081

Beyond the mind, mental faculties, intellect, word, beauty, shape and primal sound, the 'essence – form shabad' was already residing in the perfect mental tranquility of the Formless Creator.

4 *When there was no form or shape or social class, then the Shabad, in its essence, resided in the unmanifest Lord.* 945

In 'Sidh Gost' (a composition in Guru Granth Sahib), the Sidhs (ascetics) asked many questions regarding the 'Word-Guru Religion' of Guru Nanak Sahib Ji. Some of these questions are briefly mentioned here:-

1 What is the source of this 'religion'?
2 When did this 'religion' begin?
3 Who is your 'Guru'?
4 How does one become a disciple?

5 *"What is the root, the source of all? What teachings hold for these times?*
*Who is your guru? Whose disciple are you?* 942

L58/7

ਇਹਨਾਂ ਪ੍ਰਸ਼ਨਾਂ ਦਾ ਉਤਰ ਗੁਰੂ ਨਾਨਕ ਸਾਹਿਬ ਨੇ ਇਉਂ ਦਿਤਾ—

1. ਇਸ 'ਮਤਿ' ਦਾ ਨਾਮ 'ਸਤਿਗੁਰ ਮਤਿ' ਹੈ, ਭਾਵ ਇਸ 'ਮਤਿ' ਦਾ ਮੁੱਢ ਜਾ ਸੰਚਾਲਕ ਅਕਾਲ ਪੁਰਖ ਆਪ ਹੀ ਹੈ।

2. ਜਦੋਂ ਤੋਂ ਪਵਣ ਬਣੀ ਹੈ, ਜਾਂ ਜਦੋਂ ਤੋਂ ਸ੍ਰਿਸ਼ਟੀ ਬਣੀ ਹੈ, ਉਦੋਂ ਦਾ ਇਹ 'ਮਤਿ' ਚਲਿਆ ਆ ਰਿਹਾ ਹੈ। ਇਸ ਲਈ ਗੁਰੂ ਨਾਨਕ ਸਾਹਿਬ ਦਾ **'ਸਬਦੁ-ਗੁਰੂ ਮਤਿ'** ਕੇਵਲ 500 ਸਾਲ ਪੁਰਾਣਾ ਨਹੀਂ, ਕਿਉਂ ਇਹ 'ਸਬਦੁ', 'ਬਾਣੀ' ਦੇ ਰੂਪ ਵਿਚ ਗੁਰੂ ਨਾਨਕ ਸਾਹਿਬ ਅਤੇ ਹੋਰ ਅਨੇਕਾਂ ਅਵਤਾਰਾਂ, ਸੰਤਾਂ, ਭਗਤਾਂ, ਮਹਾਂਪੁਰਖਾਂ ਨੂੰ, ਹਰੇਕ ਜੁਗ ਵਿਚ ਅਨੁਭਵ ਹੁੰਦਾ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਦਸਾਂ ਜਾਮਿਆਂ ਅਤੇ ਹੁਣ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਇਸ **ਅਲੋਪ ਹੋ ਰਹੇ 'ਸਬਦੁ-ਗੁਰੂ ਮਤਿ' ਨੂੰ ਮੁੜ ਸੁਰਜੀਤ ਕਰਕੇ ਪ੍ਰਚਲਤ ਕੀਤਾ ਅਤੇ ਇਸ ਦੀ ਅਤਿਅੰਤ ਵਡਿਆਈ ਕੀਤੀ ਤੇ ਅਹਿਮੀਅਤ ਦਿਤੀ।**

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ (ਪੰਨਾ-19)

ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।
ਪੰਚਮਿ ਵਿਚਿ ਆਕਾਸ ਕਰਿ
ਕਰਤਾ ਛਟਮੁ ਅਦਿਸਟੁ ਸਮਾਈ ॥ (ਵਾ.ਭਾ.ਗੁ 1/2)

3. **ਸਾਡਾ ਗੁਰੂ 'ਸਬਦੁ' ਹੈ।**

4. 'ਸਬਦੁ' ਗੁਰੂ ਵਿਚ **ਸੁਰਤਿ ਜੋੜਨਾ** ਯਾ ਸਬਦ ਦੇ **ਅਨਹਦ ਨਾਦ ਵਿਚ** 'ਸੁਰ' **ਹੋਣਾ** ਹੀ 'ਚੇਲਾ ਬਣਨਾ' ਹੈ।

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥** (ਪੰਨਾ-943)

ਉਪਰ ਦੱਸੇ ਹੋਏ **'ਸਬਦੁ'** ਤੋਂ ਸਾਰੀ ਸ੍ਰਿਸ਼ਟੀ ਬਣੀ ਹੈ, ਸਬਦੁ ਵਿਚ ਹੀ ਸਮਾਂ ਜਾਂਦੀ ਹੈ, ਅਤੇ ਫਿਰ ਦੁਬਾਰਾ ਭੀ 'ਸਬਦੁ' ਤੋਂ ਉਤਪੰਨ ਹੁੰਦੀ ਹੈ—

ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥ (ਪੰਨਾ-117)

ਸਿੱਧਾਂ ਦਾ ਅਗਲਾ ਪ੍ਰਸ਼ਨ ਸੀ ਕਿ ਇਸ **'ਸਬਦੁ' ਦਾ ਵਾਸਾ ਕਿਥੇ** ਹੈ?

ਤਾਂ ਗੁਰੂ ਨਾਨਕ ਸਾਹਿਬ ਨੇ ਉੱਤਰ ਦਿਤਾ ਕਿ 'ਸਬਦੁ' ਸਾਡੇ ਧੁਰ ਅੰਤ੍ਰ-ਆਤਮਾ ਵਿਚ ਵਸਦਾ ਹੈ, ਅਤੇ ਬਾਹਰ ਸ੍ਰਿਸ਼ਟੀ ਵਿਚ ਵੀ ਸਾਰੇ ਓਤ-ਪੋਤ ਪ੍ਰਵਿਰਤ ਹੈ।



Guru Nanak Sahib Ji answered these questions as follows:

1 The name of the 'religion' is 'True Guru's Religion' meaning that the source or director of this religion is indeed the Timeless Being Himself.

2 From the time air was made or from the beginning of this creation, this 'teaching' has been in vogue. Therefore Guru Nanak Sahib Ji's 'Word-Guru Faith' is just not 500 years old, because this 'Shabad' (or Word), has been experienced in every age, in the form of 'Bani' (or scripture) by Guru Nanak Sahib and various other avtars, saints, devotees and great souls. Guru Nanak Sahib, reviving this vanishing 'Shabad-Guru Faith' through the ten Gurus and Guru Granth Sahib Ji, has made it prevalent again, has highly praised it and gave its significance.

*1 From the True Lord came the air, and from the air came water.*
*From water, He created the three worlds; in each and every heart He has infused His Light.* *19*

*2 Air, water, fire and earth were put together. The fifth element ether was kept in between and creator God, the sixth one, invisibly permeated among all. BG 1/2*

3 Our Guru is 'Shabad' (or Word)

4 Focusing our attention on 'Shabad' Guru or being in tune with the unstruck sound of Shabad is indeed 'becoming a disciple'.

*3 From the air came the beginning. This is the age of the True Guru's Teachings.*
*The Shabad is the Guru, and my consciousness the chaylaa, (or disciple).* *943*

The whole universe has originated from the above-mentioned 'Shabad' and it is in the 'Shabad that it gets absorbed and it is from the 'Shabad' that it comes into being again.

*4 Creation and destruction happen through the Word of the Shabad.*
*Through the Shabad, creation happens again.* *117*

The next question by the Sidhs was, 'where does the 'Shabad' stay'?

Then Guru Nanak Sahib Ji replied that the 'Shabad' inhabits deep in our innermost consciousness and is interwoven and intertwined in the outward creation and is active everywhere.

ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥ (ਪੰਨਾ-4)

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ (ਪੰਨਾ 695)

ਸੁ ਸਬਦੁ ਨਿਰੰਤਰਿ ਨਿਜ ਘਰ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ (ਪੰਨਾ 945)

ਸੁ ਸਬਦੁ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ (ਪੰਨਾ 944)

ਉਪਰਲੇ ਗੁਰਬਾਣੀ ਦੇ ਪ੍ਰਮਾਣਾਂ ਤੋਂ ਇਹ ਸੁਤੇ ਸਿੱਧ ਸਪਸ਼ਟ ਹੋ ਜਾਂਦਾ ਹੈ, ਕਿ ਪਰਮਾਤਮਾ— 'ਸਬਦੁ', 'ਨਾਮੁ' ਅਥਵਾ 'ਜੋਤਿ' ਦੇ ਸਰੂਪ ਦੁਆਰਾ **ਸਾਡੇ ਅੰਦਰ ਅਤੇ ਸਾਰੀ ਸ੍ਰਿਸ਼ਟੀ ਵਿਚ, ਰਵਿ-ਰਹਿਆ ਭਰਪੂਰ ਹੈ।**

ਸਾਇੰਸਦਾਨਾਂ ਨੇ ਮਾਦੇ ਨੂੰ ਬਾਰੀਕ ਤੋਂ ਬਾਰੀਕ ਤੋੜ ਕੇ ਇਹ ਸਿੱਧ ਕੀਤਾ ਹੈ, ਕਿ ਇਹ 'ਠੋਸ-ਮਾਦਾ' (Dead matter), ਅਦ੍ਰਿਸ਼ਟ ਅਤਿ ਸੂਖਮ —

1. ਪਰੋਟੋਨਜ਼ (Protons)
2. ਨਿਊਟਰੋਨਜ਼ (Neutrons)
3. ਇਲੈਕਟਰੋਨਜ਼ (Electrons), ਆਦਿ

ਬਾਰੀਕ ਸੂਖਮ ਅਣੂਆਂ (Minute nuclear particles) ਦਾ ਬਣਿਆ ਹੋਇਆ ਹੈ। ਇਹਨਾਂ ਵਿਚੋਂ ਪਰੋਟੋਨਜ਼ ਅਤੇ ਨਿਊਟ੍ਰੋਨਜ਼ ਪ੍ਰਮਾਣੂ (Atom) ਦੇ ਕੇਂਦਰ (Nucleus) ਵਿਚ ਸਥਿਰ ਪਏ ਰਹਿੰਦੇ ਹਨ, ਪਰ ਇਲੈਕਟ੍ਰੋਨਜ਼ ਪ੍ਰਕਾਸ਼ ਦੀ ਰਫਤਾਰ ਨਾਲ ਸਦਾ ਹੀ ਕੇਂਦਰ ਦੇ ਆਲੇ-ਦੁਆਲੇ ਚੱਕਰ (Vibrate or Oscillate) ਲਾਉਂਦੇ ਰਹਿੰਦੇ ਹਨ। ਇਹਨਾਂ ਇਲੈਕਟ੍ਰੋਨਜ਼ ਦੀ ਹਰਕਤ ਦੁਆਰਾ ਹੀ ਦੁਨੀਆਂ ਦੇ ਸਾਰੇ ਪਦਾਰਥ ਅਤੇ ਬਿਜਲੀ (Electric-Current) ਹੋਂਦ ਵਿਚ ਆਉਂਦੀ ਹੈ। ਭਾਵ ਇਲੈਕਟ੍ਰੋਨਜ਼ ਦੀ ਸੂਖਮ ਅਤੇ ਅਦ੍ਰਿਸ਼ਟ ਹਰਕਤ (Vibration) ਹੀ, ਮਾਦੇ ਅਤੇ ਬਿਜਲੀ ਦੀ ਸਥੂਲ ਤੇ ਦ੍ਰਿਸ਼ਟਮਾਨ ਸ਼ਕਤੀ (Power) ਦਾ ਮੂਲ ਹੈ।

ਠੀਕ ਇਸੇ ਤਰ੍ਹਾਂ ਧਰਤੀ ਦੀ ਹਰ ਵਸਤੂ, 'ਅਦ੍ਰਿਸ਼ਟ ਕਸ਼ਿਸ਼' ਜਾਂ 'ਧਰਤ ਖਿੱਚ' (Gravitational-pull) ਦੇ ਅਧੀਨ ਹੈ, ਹਰ ਵਸਤੂ ਦੇ ਪ੍ਰਮਾਣੂ ਇਸ ਖਿੱਚ ਦੇ ਨੇਮਾਂ ਦੀ ਪਾਲਣਾ ਕਰਦੇ ਹਨ। ਅਜਿਹੀ 'ਖਿੱਚ' ਸਭ ਪ੍ਰਮਾਣੂਆਂ ਵਿਚ ਕੇਵਲ ਧਰਤੀ ਤੇ ਹੀ ਨਹੀਂ, ਬਲਕਿ ਸਾਰੇ ਵਿਸ਼ਵ ਵਿਚ ਵਿਆਪਕ ਅਤੇ ਪ੍ਰਵਿਰਤ ਹੈ।

'ਪਦਾਰਥਕ ਖਿੱਚ', 'ਚੁੰਬਕੀ ਖਿੱਚ' (Magnetic pull) ਦੀ ਤਰ੍ਹਾਂ, ਇਕ ਅੰਨ੍ਹੇ ਨੇਮ ਅਨੁਸਾਰ ਕੰਮ ਕਰਦੀ ਹੈ। ਇਹੋ ਜਿਹੇ ਕੁਦਰਤੀ ਨਿਯਮ, ਅਚੇਤ ਹੋਣ ਕਰਕੇ, ਨਿਰੰਕਾਰੀ ਨਿਯਮਾਂ ਤੋਂ ਨਿਖੇੜੇ ਜਾ ਸਕਦੇ ਹਨ।



1 *The created universe is the manifestation of Your Name.*
*Without Your Name, there is no place at all.* 4

2 *The One who pervades the Universe also dwells in the body; whoever seeks Him, finds Him there.* 695

3 *This Shabad permeates the nucleus of the self, deep within, in its own home; the Light of this Shabad pervades the three worlds.* 945

4 *That Shabad dwells deep within the nucleus of all beings. God is invisible; wherever I look, there I see Him.* 944

From the above examples of Gurbani, it is automatically clear that the Supreme Being through the 'Shabad', 'Naam', and 'light' form is wholly permeating in us and in the whole universe.

Scientists have broken matter into fine particles and have proved that dead matter is made of minute nuclear particles – invisible, very subtle –

1 Protons
2 Neutrons
3 Electrons etc.

Of these, the protons and neutrons remain still in the nucleus of the atom, but the electrons at the speed of light vibrate and oscillate around the nucleus. It is through the movement of these electrons that all the things and electric-current of this world have come into existence. This means that the subtle, invisible vibration of electrons is indeed the source of solid and visible power of matter and electric-current.

Exactly in the same manner everything on this earth is subject to gravitational-pull, the atoms of all the things obey the laws of this pull. Such a pull in all atoms is not only in force on this earth, but is permeating and active in the whole universe.

The 'gravitational pull' like the 'magnetic pull' is working according to an automatic or blind principle. Such natural principles can be differentiated from the divine principles because they are automatic or unconscious.

ਉਪਰਲੀਆਂ ਦੋਨਾਂ ਉਦਾਹਰਨਾਂ ਤੋਂ ਸਿੱਧ ਹੁੰਦਾ ਹੈ, ਕਿ ਠੋਸ-ਮਾਦੇ ਵਿਚ ਵੀ 'ਸ਼ਕਤੀ' ਕੰਮ ਕਰ ਰਹੀ ਹੈ। ਪਰ ਇਹ 'ਸ਼ਕਤੀ' ਅਤੇ ਇਸ ਦੇ ਨਿਯਮ 'ਚੇਤੰਨ' ਨਹੀਂ, ਕਿਉਂਕਿ ਇਹ **ਬੁੱਧੀ** (Intelligence) **ਅਤੇ ਵਲਵਲੇ** (Emotion) **ਤੋਂ ਵਾਂਝੇ ਹਨ।** ਇਹਨਾਂ ਬਾਹਰਲੇ ਦਿਸਦੇ ਸੰਸਾਰਕ 'ਤੱਤਾਂ' (Elements) ਅਤੇ ਇਹਨਾਂ ਦੇ ਅਚੇਤ ਨਿਯਮਾਂ ਦਾ ਚਾਲਕ (Controller), **ਇਕ ਹੋਰ 'ਸਤ-ਚਿਤ-ਅਨੰਦ' ਸਰੂਪ 'ਪਰਮ-ਤੱਤ'** (Primal element) **ਹੈ।** ਇਹ ਜੀਉਂਦੀ-ਜਾਗਦੀ 'ਆਤਮਿਕ ਜੀਵਨ-ਰੌਂ' (Divine Life Current) 'ਅਨਹਦ ਧੁਨੀ' ਦੇ ਰੂਪ ਵਿਚ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ। ਇਲਾਹੀ 'ਹੁਕਮ' ਦੇ ਅਧੀਨ, ਇਹੀ 'ਆਤਮਿਕ ਜੀਵਨ-ਰੌਂ' ਸਾਰੀ ਸ੍ਰਿਸ਼ਟੀ ਦੇ ਕੁਦਰਤੀ ਨੇਮਾਂ ਵਿਚ, ਪਰਵਿਰਤ ਅਤੇ ਰਵਿ ਰਹੀ ਭਰਪੂਰ ਹੈ।

ਗੁਰਬਾਣੀ ਅਨੁਸਾਰ ਇਸੇ—

'ਪਰਮ-ਤੱਤ'
'ਜੀਵਨ-ਰੌਂ'
'ਅਨਹਦ-ਧੁਨੀ'
'ਰੁਣ-ਝੁਣ ਕਾਰ'
'ਅਕਲ ਕਲਾ'
'ਬਾਣੀ'
'ਨਾਮ'
'ਹੁਕਮ'

**ਦੇ ਗੁੱਝੇ, ਸੂਖਮ, ਪਰਮ-ਤੱਤਾਂ ਦੇ ਪ੍ਰਵੇਸ਼ ਅਤੇ ਪਰਵਿਰਤੀ ਨੂੰ ਹੀ 'ਸਬਦੁ' ਕਿਹਾ ਗਿਆ ਹੈ।**

**The wordless WORD-is the Divine Current—**

**permeating**
**running through**
**vibrating**
**projecting**
**guiding**
**governing**
**animating**

**every particle af the cosmos.**

ਏਥੇ ਇਕ ਗੱਲ ਹੋਰ ਸਮਝਣ ਵਾਲੀ ਹੈ, ਕਿ ਸਾਇੰਸਦਾਨਾਂ ਨੇ ਤਾਂ ਦਿਸਦੇ ਮਾਦੇ



From the two examples above it is clear that 'power' is working in 'dead or inanimate matter'. But this 'power' and its principles are not 'conscious' because they are without intelligence and emotion. The controller of these external visible worldly elements and their unconscious or automatic principles is another Primal Element which is 'Truth-conscience-bliss' form. This living-wakeful Divine Life Current pervades the whole creation in the form of 'unstruck sound'. Subordinate to Divine 'command', this Divine Life Current is active and wholly permeating in the natural principles of all creation.

According to Gurbani, the appearance and activity of these hidden, subtle, primal elements of:-

primal element
life-current
unstruck sound
celestial melody
wisdom power
Bani
Naam
Hukam (or command)

is said to be the Shabad.

This wordless WORD is the Divine Current –

permeating
running through
vibrating
projecting
guiding
governing
animating

every particle of the cosmos.

Here it is necessary to understand something else. Scientists have

(Matter) ਨੂੰ ਤੋੜ-ਤੋੜ ਕੇ, ਇਸ ਦੇ 'ਸੂਖਮ-ਤੱਤ' ਰੂਪ 'ਨਿਰਚੇਤਨ ਸ਼ਕਤੀ' ਨੂੰ ਲੱਭਿਆ ਹੈ ।

ਪਰ, ਭਗਤਾਂ ਨੇ ਸਿਮਰਨ ਦੁਆਰਾ, ਪ੍ਰੇਮਾ-ਭਗਤੀ ਨਾਲ, ਅੰਤਰਮੁਖੀ ਹੋ ਕੇ, ਅਦ੍ਰਿਸ਼ਟ ਖਿੰਡੀਆਂ ਬਿਰਤੀਆਂ ਨੂੰ ਇਕਾਗਰ ਕਰਕੇ, ਆਪਣੇ ਅੰਦਰ ਹੀ 'ਜਾਗਤ-ਜੋਤ' ਤੇ 'ਪਰਮ-ਤੱਤ' ਰੂਪੀ 'ਸਬਦੁ' ਜਾਂ 'ਅਨਹਦ-ਧੁਨੀ' ਨੂੰ ਅਨੁਭਵ ਕੀਤਾ ਹੈ ।

ਜਦ ਇਹ ਮਨ 'ਅਨਹਦ-ਧੁਨੀ' ਸੁਣਦਾ ਹੈ ਤਾਂ ਵਿਸਮਾਦੀ-ਅਸਚਰਜ ਰਸ ਮਾਣਦਾ ਹੈ, ਅਤੇ ਫਿਰ 'ਵਾਹੁ-ਵਾਹੁ' ਦੇ ਆਤਮਿਕ ਹੁਲਾਰੇ ਵਿਚ ਆ ਕੇ, ਇਸ ਦਾ ਕਿਸੇ ਬੋਲੀ ਦੁਆਰਾ ਪ੍ਰਗਟਾਵਾ ਹੁੰਦਾ ਹੈ, ਤਾਂ ਉਸ ਨੂੰ 'ਬਾਣੀ' ਕਿਹਾ ਜਾਂਦਾ ਹੈ

ਜਦ ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਇਲਾਹੀ 'ਅਨਹਦ-ਧੁਨੀ' ਦਾ ਪ੍ਰਗਟਾਵਾ ਹੋਇਆ —ਤਾਂ ਉਸ ਨੂੰ 'ਗੁਰਬਾਣੀ' ਕਿਹਾ ਗਿਆ ਹੈ । ਇਸ ਤਰ੍ਹਾਂ ਚਾਰੇ ਜੁਗਾਂ ਦੇ ਸੰਤ ਜਾਂ ਭਗਤ, ਆਪਣੇ ਹਿਰਦੇ ਦੀਆਂ ਡੂੰਘਿਆਈਆਂ ਵਿਚੋਂ ਜਦ ਕੋਈ 'ਬਚਨ' ਉਚਾਰਦੇ ਹਨ, ਤਾਂ ਉਸ ਨੂੰ 'ਸੰਤ-ਬਾਣੀ' ਜਾਂ 'ਭਗਤ ਬਾਣੀ' ਕਹਿੰਦੇ ਹਨ । ਇਹ 'ਅਨਹਦ-ਧੁਨੀ' ਯਾ 'ਨਾਦ', ਸਾਡੇ ਅੰਦਰ ਗੁੱਝੇ ਤੌਰ ਤੇ, ਆਤਮਿਕ ਡੂੰਘਿਆਈਆਂ ਵਿਚ ਇਕ-ਰਸ ਸਦਾ ਗੂੰਜਦੀ ਰਹਿੰਦੀ ਹੈ, ਜਿਸ ਨੂੰ 'ਸਬਦੁ' ਕਿਹਾ ਗਿਆ ਹੈ ।

1 ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥ (ਪੰਨਾ-125)

2 ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ ॥
ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ ॥ (ਪੰਨਾ 602)

ਇਹ ਗੱਲ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲੈਣੀ ਚਾਹੀਦੀ ਹੈ ਕਿ ਇਸ 'ਸਬਦ' ਦਾ—

ਆਦਿ
ਤੱਤ
ਸਰੂਪ
ਅਨੁਭਵ

ਇਸਦੇ 'ਸੋਮੇ', ਨਿਰੰਕਾਰ ਵਾਂਗੂ—

ਰੂਪ
ਰੰਗ
ਰੇਖ
ਚਕ੍ਰ
ਚਿਹਨ



broken the visible matter into very small particles and have discovered its 'subtle-element' form which is 'unconscious power'.

But saints, turning their attention inwards and controlling their invisible scattered inclinations, have through meditation (done) with love filled devotion, experienced in themselves the 'conscious-light' and the 'supreme-essence' like 'Shabad' or the 'unstruck-melody'.

When the mind hears the 'unstruck-melody', it enjoys the astonishing-amazing taste and getting into spiritual swing of 'wondrous-wonder', this feeling is expressed through some language, which is said to be 'Bani'.

When the expression of the Divine 'Unstruck Melody' occurred from the holy mouth of Guru Sahib Ji, then it was said to be Gurbani. Thus when the saints or devotees of the four ages utter some 'word' from the depths of their minds, then it is aid to be 'sant bani' or 'devotee bani'. This 'unstruck-melody' or 'sound' is always echoing consistently in the spiritual depths of our body in a hidden manner and it is said to be 'Shabad'.

1 *The Ambrosial Word of the Guru's Bani emanates from the Word of the Shabad. The Gurmukh speaks it and hears it.* *125*

2 *The Lord is ever-present, permeating and pervading all places; the Name of the Infinite Lord is enshrined within the heart.*
*Throughout the ages, through the Word of His Bani, His Shabad is realized, and the Name becomes so sweet and beloved to the mind.* *602*

It is important to understand properly that the

beginning
essence
form
experience

of this 'Shabad' is like its 'source' the Lord God (who is) beyond

appearance
colour
line
circle
mark

ਮਨ
ਚਿਤ
ਬੁੱਧੀ
ਸੁਗੰਧ
ਅੱਖਰ
ਸਮੇਂ
ਆਵਾਜ਼
ਦੇਸ਼

**ਤੋਂ ਪਰ੍ਹੇ ਹੈ ।**

ਗੁਰਬਾਣੀ ਵਿਚ '**ਸਬਦ**' ਦੀ 'ਅਨਹਦ', 'ਸੂਖਮ', ਅਨੁਭਵੀ ਹੋਂਦ ਨੂੰ ਇਉਂ ਦਰਸਾਇਆ ਗਿਆ ਹੈ ।

1 ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥
ਜਹਾ ਬੋਲ ਤਹ ਅਛਰ ਆਵਾ ॥
ਜਹ ਅਬੋਲ ਤਹ ਮਨੁ ਨ ਰਹਾਵਾ ॥
**ਬੋਲ ਅਬੋਲ ਮਧਿ ਹੈ ਸੋਈ ॥**
**ਜਸ ਓਹੁ ਹੈ ਤਸ ਲਖੈ ਨ ਕੋਈ ॥** (ਪੰਨਾ-340)

2 ਰੁਣਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥ (ਪੰਨਾ 925)

3 ਸੁੰਨ ਸਬਦੁ ਅਪਰੰਪਰਿ ਧਾਰੈ ॥
ਕਹਤੇ ਮੁਕਤੁ ਸਬਦਿ ਨਿਸਤਾਰੈ ॥ (ਪੰਨਾ-944)

4 ਤਿਨਿ ਕਰਤੈ ਇਕੁ ਚਲਤੁ ਉਪਾਇਆ ॥
ਅਨਹਦ ਬਾਣੀ ਸਬਦੁ ਸੁਣਾਇਆ ॥ (ਪੰਨਾ-1154)

5 ਵਾਹਿਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ । (ਵਾ.ਭਾ.ਗੁ. 4/17)

6 ਅਨਹਦ ਸਬਦੁ ਅਵੇਸਿ ਅਘੜੁ ਘੜਾਇਆ । (ਵਾ.ਭਾ.ਗੁ. 14/3)

ਉਪਰਲੀ ਵਿਚਾਰ ਤੋਂ ਇਹ ਸਿੱਧ ਹੋਇਆ ਕਿ—

1. '**ਸਬਦੁ**', ਦ੍ਰਿਸ਼ਟਮਾਨ ਮਾਇਕੀ ਦੁਨੀਆਂ ਵਿਚ 'ਅੱਖਰੀ ਰੂਪ' ਅਤੇ 'ਬੋਲੀ' ਵਿਚ ਪ੍ਰਗਟ ਹੈ ।

7 ਅਖਰੀ ਨਾਮੁ ਅਖਰੀ ਸਾਲਾਹ ॥
ਅਖਰੀ ਗਿਆਨੁ ਗੀਤ ਗੁਣ ਗਾਹ ॥ (ਪੰਨਾ-4)



mind
memory
intellect
fragrance
word
time
voice
country.

In Gurbani the 'unstruck', 'subtle' intuitional existence of 'Shabad' has been mentioned thus:-

1 *Through these fifty-two letters, the three worlds and all things are described.*
*These letters shall perish; they cannot describe the Imperishable Lord. ||1||*
*Wherever there is speech, there are letters.*
*Where there is no speech, there, the mind rests on nothing.*
*He is in both speech and silence.*
*No one can know Him as He is.* 340

2 *Rise early each morning, and with the Saints, sing the melodious harmony, the unstruck sound current of the Shabad.* 925

3 *He enshrines the unlimited, absolute Shabad deep within.*
*Chanting the Shabad, he is liberated, and saves others as well.* 944

4 *The Creator has staged His Wondrous Play.*
*I listen to the Unstruck Sound-current of the Shabad, and the Bani of His Word.* 1154

5 *The Guru's word he receives is Waheguru, the wondrous Lord, and remains silently immersed in delight* BG 4/17

6 *He gracefully makes the unstruck melody enter into the unchiselled mind and refines it.* BG14/3

From the above discussion it is clear that –

1 'Shabad in visible materialistic world is expressed in word-form and language.

7 *From the Word, comes the Naam; from the Word, comes Your Praise.*
*From the Word, comes spiritual wisdom, singing the Songs of Your Glory.* 4

2. 'ਸਬਦ', ਨਿਰਾ-ਪੁਰਾ ਅੱਖਰੀ ਰੂਪ ਨਹੀਂ ।

3. ਅਦ੍ਰਿਸ਼ਟ ਆਤਮਿਕ ਮੰਡਲ ਵਿਚ, 'ਸਬਦ', 'ਸੂਖਮ' ਅਤੇ ਅਗੋਚਰ ਹੈ, ਜੋ ਸਾਡੀ ਮਨ, ਬੁੱਧੀ ਦੀ 'ਪਕੜ' ਤੋਂ ਪਰ੍ਹੇ ਹੈ ।

4. ਇਹ ਇਲਾਹੀ 'ਸਬਦੁ' ਸਿਰਫ ਅਨੁਭਵ ਦੁਆਰਾ—

ਸਮਝਿਆ
ਬੁੱਝਿਆ
ਸੀਝਿਆ
ਚੀਨਿਆ
ਪਹਿਚਾਨਿਆ
ਵਿਚਾਰਿਆ
ਕਮਾਇਆ
ਭੁੰਚਿਆ
ਵਸਾਇਆ
ਧਿਆਇਆ

ਜਾ ਸਕਦਾ ਹੈ ।

5. ਇਹ ਸੂਖਮ 'ਸਬਦ' ਹੀ 'ਇਲਾਹੀ ਹੋਂਦ' ਦਾ—

ਪ੍ਰਗਟਾਵਾ ਹੈ
ਪ੍ਰਤੀਕ ਹੈ
ਪ੍ਰਕਾਸ਼ ਹੈ
ਸਬੂਤ ਹੈ
ਨੀਸਾਣੁ ਹੈ ।

6. 'ਸਬਦੁ' ਅਤੇ 'ਨਾਮੁ', ਆਤਮਿਕ ਪ੍ਰਕਾਸ਼ ਦੇ ਦੋ 'ਪੱਖ' ਹਨ—

'ਸਬਦੁ'—ਇਲਾਹੀ 'ਹੋਂਦ' ਦਾ ਪ੍ਰਕਾਸ਼ ਤੇ ਪ੍ਰਤੀਕ ਹੈ ।
(Divine Essence)
'ਨਾਮੁ'—ਇਸ ਪ੍ਰਕਾਸ਼ ਦੀ ਪ੍ਰਵਿਰਤੀ ਹੈ (Dynamic activation)
'ਸਬਦੁ' ਅਤੇ 'ਨਾਮੁ' ਦੋਨੋਂ ਹੀ, ਇਕੋ 'ਆਤਮਿਕ ਪ੍ਰਕਾਸ਼' ਦੇ ਪ੍ਰਤੀਕ ਅਤੇ ਪ੍ਰਗਟਾਵੇ ਹਨ ।

ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ (ਪੰਨਾ-644)

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿਨਾਮੁ ਹਰਿ ਰਸੁ ਭੋਗੋ ॥ (ਪੰਨਾ-921)



2 'Shabad' is not entirely word-form.

3 In the invisible spiritual sphere, 'Shabad' which is 'subtle' and imperceptible is beyond the 'grasp' of our mind and intellect.

4 The Divine 'Shabad' can be –

understood
discovered
researched
discerned
recognized
discussed
earned
reached
cultivated
contemplated

only through 'anbhau' (intuition).

5 This subtle 'Shabad' is indeed the –

expression
emblem
illumination
proof
symbol

of Divine existence.

6 'Shabad' and 'Naam' are the two aspects of spiritual illumination.
'Shabad' – is the illumination and signifier of Divine 'existence'
'Naam' – is the dynamic activitation of this illumination.
Both 'Shabad' and 'Naam' are signifiers and expressions of the one 'spiriutal illumination'.

1 *Through the Word of the Shabad, the Name wells up; through the Shabad, we are united in the Lord's Union.* 644

2 *I have come to know the unstruck sound current and the Word of the Guru's Shabad; I enjoy the sublime essence of the Lord, the Lord's Name.* 921

**ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥** (ਪੰਨਾ-1056)

ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿਨਾਮੁ ਪਾਇਦਾ ॥ (ਪੰਨਾ-1066)

ਪਿਛੇ ਜ਼ਿਕਰ ਆ ਚੁਕਾ ਹੈ, ਕਿ **'ਤੱਤ-ਸਬਦੁ' ਅਪਣੇ** 'ਸੋਮੇ' **ਨਿਰੰਕਾਰ ਵਾਂਗੂ** ਅਤੀ **ਸੂਖਮ ਅਤੇ ਅਰੂਪ ਹੈ । 'ਸੁਰਤਿ'** ਵੀ, 'ਤਤ ਸਬਦ' ਦੀ ਨਿਆਈਂ, **ਸੂਖਮ** ਅਤੇ **ਅਰੂਪ ਹੈ ।**

**'ਸੂਖਮ' ਵਸਤੂ - ਸੂਖਮ ਜ਼ਰੀਏ** ਦੁਆਰਾ ਹੀ **ਪਕੜੀ ਯਾ ਬੁੱਝੀ** ਜਾ ਸਕਦੀ ਹੈ ।

ਇਸ ਲਈ **ਸੂਖਮ ਸੁਰਤਿ** ਹੀ 'ਤੱਤ-ਸਬਦ' ਨੂੰ **'ਅਨੁਭਵ'** ਕਰ ਸਕਦੀ ਹੈ, ਕਿਉਂਕਿ **ਸੂਖਮ ਸੁਰਤਿ ਵਿਚ ਹੀ ਸਮਰਥਾ ਹੈ, ਕਿ ਇਹ—**

ਰੱਬੀ ਭੈ
ਰੱਬੀ ਬਿਸਮਾਦ
ਦੈਵੀ ਪ੍ਰੇਮ
**'ਅਨਹਦ ਨਾਦ'**
'ਨਾਮ-ਧੁਨ'

**ਨੂੰ ਅਨੁਭਵ ਦੁਆਰਾ ਮਾਣਦਿਆਂ ਹੋਇਆਂ, ਤ੍ਰੈ-ਗੁਣੀ ਮਾਇਆ ਦੇ—**

ਦੇਸ਼
ਕਾਲ
ਸਿਆਣਪ
ਵਿਕਾਰ

**ਦੀਆਂ ਹੱਦਾਂ ਪਾਰ ਕਰਕੇ, 'ਤੱਤ-ਸਬਦ' ਵਿਚ ਸਮਾ ਸਕਦੀ ਹੈ ।** ਇਹ 'ਸੂਖਮ ਸੁਰਤਿ' ਦੀ **ਦਾਤ,** 84 ਲੱਖ ਜੂਨਾਂ ਵਿਚ, **ਸਿਰਫ਼ ਮਨੁੱਖ ਨੂੰ ਹੀ ਪ੍ਰਦਾਨ ਹੋਈ ਹੈ—**

ਹਥ ਪੈਰ ਦੇ ਦਾਤਿ ਕਰਿ ਸਬਦ ਸੁਰਤਿ ਸੁਭ ਦਿਸਟਿ ਦੁਆਰੇ । (ਵਾ.ਭਾ.ਗੁ. 18/3)

ਏਥੇ ਇਹ ਗੱਲ ਸਮਝਣ ਯੋਗ ਹੈ ਕਿ ਇਹ **'ਤੱਤ-ਸਬਦ'** ਸਾਡੇ ਮਾਇਆ ਵਿਚ ਗਲਤਾਨ ਹੋਏ **'ਮਨੂਰ' ਮਨ, ਚਿਤ, ਬੁੱਧੀ ਦੀ ਪਕੜ ਤੋਂ ਪਰ੍ਹੇ ਹੈ ।**

ਇਸ ਵਿਚਾਰ ਤੋਂ ਸਪਸ਼ਟ ਹੈ ਕਿ—

**'ਤੱਤ-ਸਬਦੁ — ਗੁਰੂ ਹੈ** ਅਤੇ
**'ਸੁਰਤਿ' — ਚੇਲਾ ਹੈ ।**

ਜਿਸ ਤਰ੍ਹਾਂ **'ਸਬਦ'**, 'ਸੰਸਾਰ' ਤੇ 'ਨਿਰੰਕਾਰ' ਵਿਚਕਾਰ ਇਕ ਪੁੱਲ (Bridge) ਹੈ, ਇਸੇ ਤਰ੍ਹਾਂ **'ਸੁਰਤ' ਭੀ ਸੂਖਮ 'ਤੱਤ-ਸਬਦ', ਅਤੇ 'ਸਥੂਲ-ਅੱਖਰੀ-ਸਬਦੁ' ਵਿਚਕਾਰ ਅਨੁਵਾਦਕ ਯਾ ਉਲਥਾਕਾਰ** (Translator) ਹੈ ।

ਦੂਜੇ ਲਫ਼ਜ਼ਾਂ ਵਿਚ, **'ਸੁਰਤਿ'** ਅੰਤ੍ਰ-ਆਤਮੇ ਸੂਖਮ **ਦੈਵੀ ਅਨੁਭਵਾਂ ਨੂੰ, ਅੱਖਰਾਂ ਵਿਚ**



1 *Through the Word of the Guru's Shabad, he chants the Name of the Lord. 1056*

2 *The Word of the Guru's Bani prevails throughout the world; through this Bani, the Lord's Name is obtained. 1066*

t has been mentioned earlier that 'essence Shabad' like its 'source', Lord God is very abstract and formless. 'Consciousness' also like the 'essence Shabad' is abstract and formless.

Abstract 'substance' can only be grasped or discovered through abstract means .

Therefore it is the abstract consciousness that can 'experience' the essence-Shabad because the abstract consciousness has the ability to enjoy

Divine fear
Divine wonder
Divine love
'unstruct sound
'Naam-melody'

through 'anbhau' (or intuition) and crossing the boundaries of trigun materialistic

country
wisdom
vices

it can get absorbed in the 'essence-Shabad'. This gift of 'abstract consciousness' has only been bestowed upon man among from among the 8.4 million life-forms.

3 *Gracefully He bestowed hands and feet, ears and consciousness for listening to the Word and eye for beholding goodness. V BG 18/3*

Here it is important to understand that this 'essence-Shabad' is beyond the grasp of our 'dross' mind, memory, intellect which are absorbed in materialism.

From this discussion it is clear that –
'Essence-Shabad' – is the Guru and
'consciousness' - is the disciple

Just as 'Shabad' is a bridge between this 'world' and the 'formless one', so in the same way 'consciousness' is a translator between the abstract 'essence-Shabad' and the 'visible-Word-Shabad'.

In other words, the 'consciousness' can explain the abstract Divine experiences

**ਬਿਆਨ ਕਰ ਸਕਦੀ ਹੈ** ਅਤੇ ਅੱਖਰਾਂ ਵਿਚ ਦਰਸਾਏ ਹੋਏ ਸੂਖਮ ਦੈਵੀ ਗੁਣਾਂ ਨੂੰ ਅੰਤ੍ਰ-ਆਤਮੇ ਅਨੁਭਵ ਕਰਕੇ, **'ਆਤਮਿਕ ਰਸ' ਮਾਣ ਸਕਦੀ ਹੈ।**

**'ਸੁਰਤਿ'** ਹੀ, ਨਿਰੰਕਾਰ ਅਤੇ ਸੰਸਾਰ ਵਿਚਕਾਰ, 'ਤੱਤ-ਸਬਦੁ' ਰੂਪੀ 'ਪੁਲ (Bridge) ਨੂੰ **ਅਨੁਭਵ ਕਰਕੇ**, ਜੀਵ ਨੂੰ ਮਾਇਕੀ ਭਵ-ਸਾਗਰ ਤੋਂ **ਪਾਰ ਕਰ ਸਕਦੀ ਹੈ।** ਇਹ 'ਸੂਖਮ-ਖੇਡ' ਹੇਠ ਲਿਖੇ ਪ੍ਰਮਾਣਾਂ ਤੋਂ ਹੋਰ ਭੀ ਸਪਸ਼ਟ ਹੋ ਜਾਂਦੀ ਹੈ—

ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥
ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥
ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥ (ਪੰਨਾ-139)

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥**
**ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥** (ਪੰਨਾ-938)

ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥ (ਪੰਨ-1123)

ਸਬਦੁ ਸੁਰਤਿ ਅਸਗਾਹ ਅਘੜ ਘੜਾਇਆ ॥ (ਵ.ਭਾ.ਗੁ.3/4)

ਪਰ ਇਸ ਅੰਤਰਮੁਖੀ **'ਸੂਖਮ-ਖੇਡ'** ਨੂੰ, ਕੇਵਲ ਸਾਧ ਸੰਗਤ ਅਤੇ ਗੁਰ ਪ੍ਰਸਾਦਿ ਦੁਆਰਾ ਹੀ ਬੁੱਝਿਆ ਯਾ ਜਾਣਿਆ ਜਾ ਸਕਦਾ ਹੈ। ਇਸ ਨੁਕਤੇ ਨੂੰ ਭਾਈ ਗੁਰਦਾਸ ਜੀ ਨੇ ਅਪਣੀਆਂ ਵਾਰਾਂ ਵਿਚ ਇਉਂ ਖੋਲ ਕੇ ਦਰਸਾਇਆ ਹੈ —

ਸਬਦ ਸੁਰਤਿ ਲਿਵ ਸਾਧ ਸੰਗਿ ਗੁਰ ਕਿਰਪਾ ਤੇ ਅੰਦਰਿ ਆਣੈ। (ਵਾ.ਭਾ.ਗੁ. 6/19)

ਸਾਧ ਸੰਗਤਿ ਗੁਰ ਸਬਦ ਸੁਰਤੀ ॥ (ਵਾ.ਭਾ.ਗੁ. 7/6)

ਸਾਧ ਸੰਗਤਿ ਗੁਰ ਸਬਦੁ ਕਮਾਈ ॥ (ਵਾ.ਭਾ.ਗੁ. 16/1)

ਸਾਧ ਸੰਗਤਿ ਗੁਰੁ ਸਬਦੁ ਵਸੰਦਾ ॥ (ਵਾ.ਭਾ.ਗੁ 16/3)

ਸਾਧ ਸੰਗਤਿ ਗੁਰ ਸਬਦੁ ਪਿਆਰਾ ॥ (ਵਾ.ਭਾ.ਗੁ. 29/30)

ਸਾਧ ਸੰਗਤਿ ਗੁਰੁ ਸਬਦ ਵਿਲੋਵੈ ॥ (ਵਾ.ਭਾ.ਗੁ. 28/9)

ਸਬਦ ਸੁਰਤਿ ਲਿਵ ਸਾਵਧਾਨ ਗੁਰਮੁਖਿ ਪੰਥ ਚਲੈ ਪਗ ਧਾਰੇ। (ਵਾਭਾ.ਗੁ. 37/27)

ਏਥੇ ਇਕ ਗੱਲ ਦੱਸਣੀ ਅਤੀ ਜ਼ਰੂਰੀ ਹੈ ਕਿ **'ਸਬਦੁ-ਸੁਰਤਿ' ਮੇਲ ਹੋਣ ਨਾਲ**, ਜੀਵ ਦੀ ਜ਼ਮੀਰ' ਜਾਂ 'ਆਤਮਾ ਦੀ ਆਵਾਜ਼', ਨਾਲੋ-ਨਾਲ ਬਲਵਾਨ ਅਤੇ ਗਿਆਨਵਾਨ ਹੁੰਦੀ ਜਾਂਦੀ ਹੈ। ਇਹ ਆਵਾਜ਼ ਜਗਿਆਸੂ ਅੰਦਰ ਲਗਾਤਾਰ, ਅਨੇਕਾਂ ਦੈਵੀ ਪ੍ਰੇਰਨਾਵਾਂ ਤੇ ਭਾਵਨਾਵਾਂ ਪੈਦਾ



of the innermost consciousness in words and experiencing the abstract Divine Virtue described in words in the innermost consciousness is capable of enjoying 'Spiritual taste'.

It is the 'consciousness' which experiencing the 'essence-Shabad' like bridge between God and this world, that takes man across the materialistic ocean of fear. This 'abstract-play' became clearer from the under mentioned examples:-

1 *He is seen, heard and known, but His subtle essence is not obtained.*
*How can the lame, armless and blind person run to embrace the Lord?*
*Let the Fear of God be your feet, and let His Love be your hands; let His Understanding be your eyes.*
*Says Nanak, in this way, O wise soul-bride, you shall be united with your Husband Lord.* 139

2 *The lotus flower floats untouched upon the surface of the water, and the duck swims through the stream;*
*with one's consciousness focused on the Word of the Shabad, one crosses over the terrifying world-ocean. O Nanak, chant the Naam, the Name of the Lord.* 938

3 *My mind is the bull, and meditation is the road; I have filled my packs with spiritual wisdom, and loaded them on the bull.1123*

4 *Taking consciousness into the depth of Word he has shaped the unchiselled mind.* V BG 4/3

But this inward 'abstract play' can only be discovered or known through sadhsangat (the company of the spiritually elevated ones) and Guru's Grace. This point has been explicitly explained by Bhai Gurdas Ji in his 'Vars' or verses:-

5 *He enters into the immersion of word-consciousness through the Guru and the holy congregation* V BG 6/19

6 *Reaching the holy congregation the consciousness of a gurmukh gets absorbed in the Word of the Guru.* V BG 7/8

7 *One cultivates the word of the Guru in the company of saints* VBG 16/1

8 *In the congregation of the holy persons resides the Guru-Word.* VBG 16/3

9 *In the holy congregation, only the word of the Guru, is loved* VBG 20/20

10 *In the holy congregation the Word of the Guru is churned* VBG 28/9

11 *Attuning the consciousness with the Word, the gurmukhs or guru-orientated ones alertly move with firm feet on the path of the Guru.* VBG 37/27

It is important to mention here that with the meeting of 'word-consciousness', the 'ethical sense' or 'voice of the soul' continues to become strong and knowledgeable. This voice continuously creates various divine motivations

L58/15

ਕਰਦੀ ਅਤੇ ਨੀਵੇਂ ਪਾਸਿਓਂ **ਤਤ-ਛਿਨ ਰੋਕਦੀ ਹੈ।** 'ਜ਼ਮੀਰ' ਦੀ ਅੰਦਰਲੀ ਦੈਵੀ ਆਵਾਜ਼, ਜਗਿਆਸੂ ਦੀ—

ਸੁਰਤਿ
ਮਤਿ
ਮਨ
ਬੁੱਧੀ
ਆਚਰਣ

ਦੀ **'ਘਾੜਤ' ਲਈ, ਅਤਿਅੰਤ ਸਹਾਈ ਹੁੰਦੀ ਹੈ।**

**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥**
**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥** (ਪੰਨਾ-੮)

ਇਸ ਵਿਚਾਰ ਤੋਂ ਸੁਤੇ-ਸਿੱਧ ਸਪਸ਼ਟ ਹੋ ਜਾਂਦਾ ਹੈ, ਕਿ **'ਜ਼ਮੀਰ' ਜਾਂ ਆਤਮਾ ਦੀ ਆਵਾਜ਼ ਦਾ**, **'ਸਬਦ-ਸੁਰਤਿ' ਦੇ ਮੇਲ ਨਾਲ ਗਹਿਰਾ ਸੰਬੰਧ ਹੈ,** ਅਤੇ ਇਕ ਦੂਜੇ ਵਿਚ ਓਤ-ਪੋਤ ਹਨ। ਇਹ 'ਜ਼ਮੀਰ' ਦੀ ਆਵਾਜ ਵੀ **ਸੁਰਤਿ ਦੁਆਰਾ ਅੰਤ੍ਰ-ਆਤਮੇ ਹੀ ਸੁਣਾਈ ਦੇ ਸਕਦੀ ਹੈ।**

**ਸਬਦ-ਸੁਰਤਿ** ਦੇ ਮੇਲ ਨਾਲ, ਇਲਾਹੀ ਮੰਡਲ ਦੇ ਸਾਰੇ ਆਤਮਿਕ ਗੁਣ, ਜੀਵ ਦੇ ਮਨ, ਤਨ, ਚਿਤ, ਬੁੱਧੀ ਵਿਚ ਪ੍ਰਵਿਰਤ ਹੋ ਜਾਂਦੇ ਹਨ ਅਤੇ ਜੀਵ **'ਵਡਭਾਗਾ'** **ਅਤੇ 'ਗੁਰਮੁਖ' ਬਣ ਜਾਂਦਾ ਹੈ।**

(........ਚਲਦਾ)



and desires in the truth seeker and stops him from moving towards low desires every moment. The internal Divine voice of the conscience is extremely helpful in 'carving' the

mystical awareness
understanding
mind
intellect
character

of the truth seeker.

*The intuitive consciousness, intellect and understanding of the mind are shaped there.*
*The consciousness of the spiritual warriors and the Siddhas, the beings of spiritual perfection, are shaped there.* *8*

It is clear from this discussion that the voice of the 'ethical sense' or 'soul', has deep connections with the meeting of 'word-consciousness', and are interwoven with one another. This voice of the 'ethical sense' can also be heard in the innermost consciousness through the mystical awareness.

With the union of 'Word-consciousness', all the spiritual virtues of the Divine sphere enter and become active in man's mind, body, memory, intellect and he becomes he becomes a 'fortunate being' and a 'gurmukh'.